# PUNJAB VIDHAN SABHA

## DEBATES

*Wednesday the, 9th March, 2016*

**Vol. XII– No. 1**

OFFICIAL REPORT

CONTENTS


| | Page |
|---|---|
| Obituary References | (1) |



**Punjab Vidhan Sabha Secretariat, Chandigarh**

Price : Rs.__________.

# ਪੰਜਾਬ ਮੰਤਰੀ ਮੰਡਲ ਦੀ ਸੂਚੀ
## ਕੈਬਨਿਟ ਮੰਤਰੀ

| ਕ੍ਰਮ ਨੰ: | ਨਾਮ | ਮਹਿਕਮਾ/ਮਹਿਕਮੇ |
|---|---|---|
| 1) | ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ | ਆਮ ਪ੍ਰਸ਼ਾਸਨ,ਸਹਿਕਾਰਤਾ, ਸਾਇੰਸ ਤਕਨਾਲੋਜੀ, ਵਾਤਾਵਰਨ,ਵਿਜੀਲੈਂਸ ਅਤੇ ਸ਼ਹਿਰੀ ਹਵਾਬਾਜ਼ੀ |
| 2) | ਸਰਦਾਰ ਸੁਖਬੀਰ ਸਿੰਘ ਬਾਦਲ, ਉਪ ਮੁੱਖ ਮੰਤਰੀ | ਗ੍ਰਹਿ ਮਾਮਲੇ, ਪ੍ਰਸ਼ਾਸਕੀ ਸੁਧਾਰ,ਹਾਊਸਿੰਗ, ਕਰ ਤੇ ਆਬਕਾਰੀ, ਖੇਡਾਂ ਤੇ ਯੁਵਕ ਸੇਵਾਵਾਂ, ਪੂੰਜੀ ਨਿਵੇਸ਼ ਅਤੇ ਬਿਜਲੀ |
| 3) | ਸ਼੍ਰੀ ਚੂਨੀ ਲਾਲ ਭਗਤ | ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ |
| 4) | ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ | ਖੁਰਾਕ ਤੇ ਸਿਵਲ ਸਪਲਾਈ, ਸੂਚਨਾ ਤਕਨਾਲੋਜੀ ਮੰਤਰੀ |
| 5) | ਸਰਦਾਰ ਅਜੀਤ ਸਿੰਘ ਕੋਹਾੜ | ਟਰਾਂਸਪੋਰਟ, ਕਾਨੂੰਨੀ ਤੇ ਵਿਧਾਨਕ ਮਾਮਲੇ ਤੇ ਚੋਣਾਂ ਅਤੇ ਰੋਜ਼ਗਾਰ ਪੈਦਾਕਰਨ ਮੰਤਰੀ |
| 6) | ਸਰਦਾਰ ਗੁਲਜਾਰ ਸਿੰਘ ਰਣੀਕੇ | ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ |
| 7) | ਸ਼੍ਰੀ ਮਦਨ ਮੋਹਨ ਮਿੱਤਲ | ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ |

| | |
|---|---|
| 8) ਸਰਦਾਰ ਪਰਮਿੰਦਰ ਸਿੰਘ ਢੀਂਡਸਾ | ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ |
| 9) ਸਰਦਾਰ ਜਨਮੇਜਾ ਸਿੰਘ ਸੇਖੋਂ | ਲੋਕ ਨਿਰਮਾਣ (ਭ ਤੇ ਮ) ਮੰਤਰੀ, ਸੈਨਿਕ ਸੇਵਾਵਾਂ ਭਲਾਈ, ਸ਼ਿਕਾਇਤ ਨਿਵਾਰਣ, ਪੈਨਸ਼ਨਰਾਂ ਦੀ ਭਲਾਈ ਮੰਤਰੀ |
| 10) ਸ਼੍ਰੀ ਸੁਰਜੀਤ ਕੁਮਾਰ ਜਿਆਨੀ | ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ |
| 11) ਸਰਦਾਰ ਤੋਤਾ ਸਿੰਘ | ਖੇਤੀਬਾੜੀ ਅਤੇ ਐਨ.ਆਰ.ਆਈ. ਮਾਮਲੇ ਮੰਤਰੀ |
| 12) ਸਰਦਾਰ ਬਿਕਰਮ ਸਿੰਘ ਮਜੀਠੀਆ | ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਨਵ ਤੇ ਨਵਿਆਉਣਯੋਗ ਊਰਜਾ ਮੰਤਰੀ |
| 13) ਸਰਦਾਰ ਸਿਕੰਦਰ ਸਿੰਘ ਮਲੂਕਾ | ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ |
| 14) ਸ਼੍ਰੀ ਅਨਿਲ ਜੋਸ਼ੀ | ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ |
| 15) ਸਰਦਾਰ ਸੁਰਜੀਤ ਸਿੰਘ ਰੱਖੜਾ | ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ ਅਤੇ ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ |
| 16) ਸਰਦਾਰ ਸ਼ਰਨਜੀਤ ਸਿੰਘ ਢਿੱਲੋਂ | ਸਿੰਚਾਈ ਮੰਤਰੀ |
| 17) ਸਰਦਾਰ ਸੋਹਣ ਸਿੰਘ ਠੰਡਲ | ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ |
| 18) ਡਾਕਟਰ ਦਲਜੀਤ ਸਿੰਘ ਚੀਮਾ | ਸਿੱਖਿਆ ਮੰਤਰੀ |

## ਮੁੱਖ ਸੰਸਦੀ ਸਕੱਤਰ

| ਕ੍ਰਮ ਨੰ: | ਨਾਮ | ਮਹਿਕਮਾ/ਮਹਿਕਮੇ |
|---|---|---|
| 1) | ਚੌਧਰੀ ਨੰਦ ਲਾਲ | ਜੰਗਲਾਤ, ਜੰਗਲੀ ਜੀਵ ਅਤੇ ਕਿਰਤ |
| 2) | ਸੰਤ ਬਲਵੀਰ ਸਿੰਘ ਘੁੰਨਸ | ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬ ਘਰ |
| 3) | ਸ਼੍ਰੀ ਦੇਸ ਰਾਜ ਧੁੱਗਾ | ਪਸ਼ੂ ਪਾਲਣ,ਮੱਛੀ ਪਾਲਣ ਅਤੇ ਡੇਅਰੀ ਵਿਕਾਸ |
| 4) | ਸਰਦਾਰ ਹਰਮੀਤ ਸਿੰਘ ਸੰਧੂ | ਲੋਕ ਨਿਰਮਾਣ (ਭ ਤੇ ਮ) |
| 5) | ਸਰਦਾਰ ਮਨਤਾਰ ਸਿੰਘ ਬਰਾੜ | ਪੇਂਡੂ ਵਿਕਾਸ ਅਤੇ ਪੰਚਾਇਤਾਂ |
| 6) | ਬੀਬੀ ਮਹਿੰਦਰ ਕੌਰ ਜੋਸ਼ | ਸਿੰਚਾਈ |
| 7) | ਸ਼੍ਰੀ ਅਵਿਨਾਸ਼ ਚੰਦਰ | ਉਚੇਰੀ ਸਿੱਖਿਆ |
| 8) | ਸ਼੍ਰੀ ਕੇ.ਡੀ.ਭੰਡਾਰੀ | ਸਹਿਕਾਰਤਾ |
| 9) | ਸਰਦਾਰ ਇੰਦਰਬੀਰ ਸਿੰਘ ਬੁਲਾਰੀਆ | ਸਿੱਖਿਆ |
| 10) | ਸਰਦਾਰ ਅਮਰਪਾਲ ਸਿੰਘ ਅਜਨਾਲਾ | ਤਕਨੀਕੀ ਸਿੱਖਿਆ ਅਤੇ ਸਨਅਤੀ ਸੰਸਥਾਵਾਂ |
| 11) | ਸਰਦਾਰ ਗੁਰਬਚਨ ਸਿੰਘ ਬੱਬੇਹਾਲੀ | ਖੇਤੀਬਾੜੀ |
| 12) | ਸਰਦਾਰ ਵਿਰਸਾ ਸਿੰਘ ਵਲਟੋਹਾ | ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਰੱਖਿਆ ਸੇਵਾਵਾਂ ਭਲਾਈ |
| 13) | ਸ਼੍ਰੀ ਐਨ.ਕੇ.ਸ਼ਰਮਾ | ਉਦਯੋਗ ਅਤੇ ਵਣਜ |
| 14) | ਸ਼੍ਰੀਮਤੀ ਐਫ.ਨਿਸਾਰਾ ਖਾਤੂਨ (ਫਰਜ਼ਾਨਾ ਆਲਮ) | ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ |

| | |
|---|---|
| 15) ਡਾਕਟਰ ਨਵਜੋਤ ਕੌਰ ਸਿੱਧੂ | ਸਿਹਤ ਅਤੇ ਪਰਿਵਾਰ ਭਲਾਈ |
| 16) ਸ਼੍ਰੀ ਪ੍ਰਕਾਸ਼ ਚੰਦ ਗਰਗ | ਖੁਰਾਕ ਅਤੇ ਸਿਵਲ ਸਪਲਾਈ |
| 17) ਸ਼੍ਰੀ ਪਵਨ ਕੁਮਾਰ ਟੀਨੂੰ | ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ.,ਬੀ.ਸੀ. ਦੀ ਭਲਾਈ |
| 18) ਸ਼੍ਰੀ ਸਰੂਪ ਚੰਦ ਸਿੰਗਲਾ | ਆਬਕਾਰੀ ਅਤੇ ਕਰ |
| 19) ਸ਼੍ਰੀ ਸੋਮ ਪ੍ਰਕਾਸ਼ | ਸਥਾਨਕ ਸਰਕਾਰ |

# PUNJAB VIDHAN SABHA

***Wednesday, the 9th March, 2016***

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 10.00 A.M. Mr. Speaker (Doctor Charnjit Singh Atwal) in the Chair.*

---

## OBITUARY REFERENCES

**ਮਾਨਯੋਗ ਸਪੀਕਰ :** ਵਿਧਾਨ ਸਭਾ ਦੇ ਪਿਛਲੇ ਸਮਾਗਮ ਤੋਂ ਅੱਜ ਤੱਕ ਦੇ ਸਮੇਂ ਦੌਰਾਨ ਕਈ ਸਤਿਕਾਰਯੋਗ ਸ਼ਖਸੀਅਤਾਂ ਸਾਡੇ ਤੋਂ ਵਿਛੜ ਗਈਆਂ ਹਨ। ਅੱਜ ਅਸੀਂ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਲਈ ਇਕੱਤਰ ਹੋਏ ਹਾਂ।

ਚੌਧਰੀ ਬਲਰਾਮ ਜਾਖੜ ਜੀ, ਸਾਬਕਾ ਸਪੀਕਰ, ਲੋਕ ਸਭਾ ਸਾਨੂੰ ਮਿਤੀ 3 ਫਰਵਰੀ, 2016 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 23 ਅਗਸਤ, 1923 ਨੂੰ ਪਿੰਡ ਪੰਚਕੋਸੀ, ਜ਼ਿਲ੍ਹਾ ਫਾਜ਼ਿਲਕਾ ਵਿਖੇ ਹੋਇਆ। ਉਨ੍ਹਾਂ ਨੇ ਸਾਲ 1945 ਵਿੱਚ ਫੋਰਮੈਨ ਕਰਿਸਚਿਅਨ ਕਾਲਜ, ਲਾਹੌਰ (ਪਾਕਿਸਤਾਨ) ਤੋਂ ਸੰਸਕ੍ਰਿਤ ਦੀ ਡਿਗਰੀ ਪ੍ਰਾਪਤ ਕੀਤੀ। ਉਨ੍ਹਾਂ ਨੇ ਸਾਲ 1972 ਵਿੱਚ ਵਿਧਾਨ ਸਭਾ ਚੋਣਾਂ ਵਿੱਚ ਜਿੱਤ ਹਾਸਲ ਕਰਕੇ ਰਾਜਨੀਤਿਕ ਸਫਰ ਸ਼ੁਰੂ ਕੀਤਾ । ਸਾਲ 1975 ਵਿੱਚ ਬਾਗਬਾਨੀ ਪ੍ਰਕਿਰਿਆ ਨੂੰ ਚੰਗਾ ਅਤੇ ਪਾਰਦਰਸ਼ੀ ਬਣਾਉਣ ਲਈ ਕੀਤੇ ਉਪਰਾਲੇ ਕਾਰਨ ਉਨ੍ਹਾਂ ਨੂੰ 'ਕਿਸਾਨ ਪੰਡਿਤ' ਵਜੋਂ ਸਨਮਾਨਿਤ ਕੀਤਾ ਗਿਆ। ਉਹ ਸਾਲ 1977 ਵਿੱਚ ਵਿਰੋਧੀ ਧਿਰ ਦੇ ਨੇਤਾ ਵਜੋਂ ਨਿਯੁਕਤ ਹੋਏ। ਉਹ ਸਾਲ 1980 ਤੋਂ 1989 ਤੱਕ ਲੋਕ ਸਭਾ ਦੇ ਸਪੀਕਰ ਰਹੇ ਅਤੇ ਉਨ੍ਹਾਂ ਨੇ ਇਸ ਸਮੇਂ ਦੌਰਾਨ ਲੋਕ ਸਭਾ ਦੀ ਲਾਇਬ੍ਰੇਰੀ ਨੂੰ ਵਿਕਸਤ ਕੀਤਾ ਅਤੇ ਰਿਸਰਚ ਨੂੰ ਅੱਗੇ ਵਧਾਇਆ।ਉਨ੍ਹਾਂ ਨੂੰ ਰਾਸ਼ਟਰ ਮੰਡਲ ਸੰਸਦ ਦੇ ਕਾਰਜਕਾਰੀ ਫੋਰਮ ਦੇ ਪਹਿਲੇ ਏਸ਼ਿਆਈ ਚੇਅਰਮੈਨ ਹੋਣ ਦਾ ਮਾਣ ਵੀ ਪ੍ਰਾਪਤ ਹੋਇਆ। ਉਹ ਸਾਲ 1991 ਵਿੱਚ ਕੇਂਦਰੀ ਮੰਤਰੀ ਮੰਡਲ ਵਿੱਚ ਖੇਤੀਬਾੜੀ ਮੰਤਰੀ ਵੀ ਬਣੇ ਅਤੇ ਮਿਤੀ 30 ਜੂਨ, 2004 ਤੋਂ ਲੈ ਕੇ ਮਈ, 2009 ਤੱਕ ਮੱਧ ਪ੍ਰਦੇਸ਼ ਦੇ ਰਾਜਪਾਲ ਵੀ ਰਹੇ। ਉਨ੍ਹਾਂ ਵੱਲੋਂ ਡਾ. ਬਲਰਾਮ ਜਾਖੜ ਪੀਪਲਜ਼ ਪਾਰਲੀਮੈਂਟ ਅਤੇ ਐਡਮਨਿਸਟ੍ਰੇਸ਼ਨ ਨਾਮ ਦੀ ਕਿਤਾਬ ਵੀ ਲਿਖੀ ਗਈ ।

ਸ਼੍ਰੀ ਪੀ.ਏ. ਸੰਗਮਾ ਜੀ, ਸਾਬਕਾ ਸਪੀਕਰ, ਲੋਕ ਸਭਾ ਵੀ ਸਾਨੂੰ ਮਿਤੀ 4 ਮਾਰਚ, 2016 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ

[ ਮਾਨਯੋਗ ਸਪੀਕਰ ]

1 ਸਤੰਬਰ, 1947 ਨੂੰ ਪਿੰਡ ਚਪਾਠੀ, ਵੈਸਟ ਗਾਰੋ ਹਿਲਜ਼, ਮੇਘਾਲਿਆ ਵਿਖੇ ਹੋਇਆ। ਉਨ੍ਹਾਂ ਨੇ ਸੇਂਟ ਐਨਥਨੀ ਕਾਲਜ, ਸ਼ਿਲਾਂਗ ਤੋਂ ਬੀ.ਏ. ਆਨਰਜ਼ ਦੀ ਡਿਗਰੀ ਪ੍ਰਾਪਤ ਕੀਤੀ। ਉਹ ਸਾਲ 1973 ਵਿੱਚ ਪ੍ਰਦੇਸ਼ ਯੂਥ ਕਾਂਗਰਸ, ਮੇਘਾਲਿਆ ਦੇ ਉਪ ਪ੍ਰਧਾਨ ਵੀ ਰਹੇ । ਉਹ ਸਾਲ 1977 ਵਿੱਚ ਤੁਰਾ ਲੋਕ ਸਭਾ ਹਲਕੇ ਤੋਂ ਛੇਵੀਂ ਲੋਕ ਸਭਾ ਲਈ ਚੁਣੇ ਗਏ ਅਤੇ 9ਵੀਂ ਲੋਕ ਸਭਾ ਤੋਂ ਇਲਾਵਾ ਲਗਾਤਾਰ 14ਵੀਂ ਲੋਕ ਸਭਾ ਤੱਕ ਲੋਕ ਸਭਾ ਦੇ ਮੈਂਬਰ ਬਣੇ ਰਹੇ। ਉਨ੍ਹਾਂ ਨੇ ਸਾਲ 1975 ਤੋਂ 1980 ਤੱਕ ਮੇਘਾਲਿਆ ਦੇ ਪ੍ਰਦੇਸ਼ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਵਜੋਂ ਕਾਰਜ ਕੀਤਾ। ਉਹ ਸਾਲ 1988 ਤੋਂ 1990 ਤੱਕ ਮੇਘਾਲਿਆ ਦੇ ਮੁੱਖ ਮੰਤਰੀ ਵੀ ਰਹੇ। ਉਨ੍ਹਾਂ ਨੇ ਸਾਲ 1996 ਤੋਂ 1998 ਤੱਕ ਲੋਕ ਸਭਾ ਦੇ ਸਪੀਕਰ ਵਜੋਂ ਕਾਰਜ ਵੀ ਨਿਭਾਇਆ ।

ਜਨਰਲ ਓ.ਪੀ. ਮਲਹੋਤਰਾ, ਸਾਬਕਾ ਰਾਜਪਾਲ, ਪੰਜਾਬ ਵੀ ਸਾਨੂੰ ਮਿਤੀ 29 ਦਸੰਬਰ, 2015 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 6 ਅਗਸਤ, 1922 ਨੂੰ ਹੋਇਆ। ਉਹ ਸਾਲ 1978 ਤੋਂ ਲੈ ਕੇ 1981 ਤੱਕ 13ਵੇਂ ਆਰਮੀ ਚੀਫ ਰਹੇ। ਉਹ ਸਾਲ 1981 ਤੋਂ 1984 ਤੱਕ ਇੰਡੋਨੇਸ਼ੀਆ ਵਿੱਚ ਭਾਰਤ ਦੇ ਰਾਜਦੂਤ ਵੀ ਰਹੇ। ਉਨ੍ਹਾਂ ਨੇ ਸਾਲ 1941 ਵਿੱਚ ਸੈਨਾ ਦੀ ਆਰਟੀਲਰੀ ਰੈਜੀਮੈਂਟ ਕਮਿਸ਼ਨ ਵਿਖੇ ਵੀ ਸੇਵਾ ਕੀਤੀ। ਉਹ ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਵੀ ਰਹੇ।

ਲੈਫਟੀਨੈਂਟ ਜਨਰਲ ਜੇ.ਐਫ.ਆਰ. ਜੈਕਬ, ਸਾਬਕਾ ਰਾਜਪਾਲ, ਪੰਜਾਬ ਵੀ ਸਾਨੂੰ ਮਿਤੀ 13 ਜਨਵਰੀ, 2016 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਸਾਲ 1923 ਵਿੱਚ ਹੋਇਆ। ਉਨ੍ਹਾਂ ਨੇ ਸਾਲ 1971 ਵਿੱਚ ਭਾਰਤ-ਪਾਕਿਸਤਾਨ ਜੰਗ ਵਿੱਚ ਅਹਿਮ ਭੂਮਿਕਾ ਨਿਭਾਈ। ਉਹ ਬੰਗਲਾਦੇਸ਼ ਦੀ ਅਜ਼ਾਦੀ ਅਤੇ ਭਾਰਤ-ਪਾਕਿਸਤਾਨ ਜੰਗ ਵਿੱਚ ਭਾਰਤ ਦੀ ਜਿੱਤ ਪ੍ਰਾਪਤ ਕਰਨ ਲਈ ਖਾਸ ਕਰਕੇ ਜਾਣੇ ਜਾਂਦੇ ਹਨ। ਉਹ ਪੰਜਾਬ ਦੇ ਰਾਜਪਾਲ ਵੀ ਰਹੇ।

ਸ਼੍ਰੀ ਹਰਨਾਮ ਦਾਸ ਜੌਹਰ, ਸਾਬਕਾ ਸਪੀਕਰ ਵੀ ਸਾਨੂੰ ਮਿਤੀ 3 ਜਨਵਰੀ, 2016 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 31 ਅਕਤੂਬਰ, 1932 ਨੂੰ ਜ਼ਿਲ੍ਹਾ ਅੱਟਕ, ਪੱਛਮੀ ਪੰਜਾਬ (ਹੁਣ ਪਾਕਿਸਤਾਨ) ਵਿਖੇ ਹੋਇਆ। ਉਨ੍ਹਾਂ ਨੇ ਐਲ.ਐਲ.ਬੀ. ਦੀ ਪੜ੍ਹਾਈ ਮੁਕੰਮਲ ਕਰਨ ਉਪਰੰਤ

ਭਾਰਤੀ ਹਵਾਈ ਫੌਜ ਵਿੱਚ 16 ਸਾਲ ਸੇਵਾ ਨਿਭਾਈ। ਉਨ੍ਹਾਂ ਨੇ ਸਾਲ 1962 ਵਿੱਚ ਭਾਰਤ-ਚੀਨ ਅਤੇ ਸਾਲ 1965 ਵਿੱਚ ਭਾਰਤ-ਪਾਕਿਸਤਾਨ ਜੰਗ ਵਿੱਚ ਹਿੱਸਾ ਲਿਆ। ਉਨ੍ਹਾਂ ਨੇ ਹਵਾਈ ਫੌਜ ਵਿੱਚੋਂ ਸੇਵਾ ਮੁਕਤੀ ਉਪਰੰਤ ਵਕਾਲਤ ਦੇ ਕਿੱਤੇ ਨੂੰ ਅਪਣਾਇਆ ਅਤੇ ਪੰਜਾਬ ਬਾਰ ਐਸੋਸੀਏਸ਼ਨ, ਲੁਧਿਆਣਾ ਦੇ ਪ੍ਰਧਾਨ ਰਹੇ। ਉਨ੍ਹਾਂ ਨੇ ਕੁਝ ਸਮਾਂ ਜਨ ਸੰਘ ਵਿੱਚ ਕੰਮ ਵੀ ਕੀਤਾ ਅਤੇ ਸਾਲ 1987 ਤੋਂ 1992 ਤੱਕ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਵੀ ਰਹੇ। ਉਨ੍ਹਾਂ ਨੇ ਕਾਂਗਰਸ ਸਰਕਾਰ ਦੇ ਕਾਰਜਕਾਲ ਦੌਰਾਨ ਕਈ ਅਹਿਮ ਵਿਭਾਗਾਂ ਦੇ ਮੰਤਰੀ ਵਜੋਂ ਸੇਵਾ ਨਿਭਾਈ ਅਤੇ ਕੁਝ ਸਮਾਂ ਬਤੌਰ ਸਪੀਕਰ ਵੀ ਰਹੇ। ਉਹ ਆਲ ਇੰਡੀਆ ਕਾਂਗਰਸ ਕਮੇਟੀ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਅਤੇ ਪੰਜਾਬ ਰਾਜ ਸੈਨਿਕ ਬੋਰਡ ਦੇ ਮੈਂਬਰ ਵੀ ਰਹੇ। ਉਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸੈਨੇਟ ਦੇ ਮੈਂਬਰ ਵਜੋਂ ਵੀ ਕੰਮ ਕੀਤਾ।

ਸਰਦਾਰ ਰਣਜੀਤ ਸਿੰਘ ਜੀ ਬਾਲੀਆਂ, ਸਾਬਕਾ ਰਾਜ ਮੰਤਰੀ ਵੀ ਸਾਨੂੰ ਮਿਤੀ 16 ਫਰਵਰੀ, 2016 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹ ਦੋ ਵਾਰ ਸਾਲ 1985 ਅਤੇ 1997 ਵਿੱਚ ਸੰਗਰੂਰ ਹਲਕੇ ਤੋਂ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ। ਉਹ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਵੀ ਰਹੇ। ਉਹ ਸਾਲ 2010 ਵਿੱਚ ਪੀ.ਆਰ.ਟੀ.ਸੀ. ਦੇ ਚੇਅਰਮੈਨ ਵੀ ਰਹੇ।

ਸਰਦਾਰ ਤਰਲੋਚਨ ਸਿੰਘ ਜੀ ਤੁੜ, ਸਾਬਕਾ ਐਮ.ਪੀ. ਵੀ ਸਾਨੂੰ ਮਿਤੀ 25 ਫਰਵਰੀ, 2016 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 15 ਫਰਵਰੀ, 1947 ਨੂੰ ਪਿੰਡ ਤੁੜ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਉਹ ਤਰਨ ਤਾਰਨ ਹਲਕੇ ਤੋਂ ਸਾਲ 1985, 1998 ਅਤੇ 1999 ਵਿੱਚ ਲੋਕ ਸਭਾ ਲਈ ਮੈਂਬਰ ਚੁਣੇ ਗਏ।

ਕਾਮਰੇਡ ਗੁਰਨਾਮ ਸਿੰਘ ਜੀ ਧੀਰੋਵਾਲ, ਸਾਬਕਾ ਐਮ.ਐਲ.ਏ. ਵੀ ਸਾਨੂੰ ਮਿਤੀ 5 ਜਨਵਰੀ, 2016 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਸਾਲ 1929 ਵਿੱਚ ਪਿੰਡ ਧੀਰੋਵਾਲ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਵਿਖੇ ਹੋਇਆ। ਉਹ ਪੰਜਾਬ ਕਿਸਾਨ ਸਭਾ, ਜ਼ਿਲ੍ਹਾ ਗੁਰਦਾਸਪੁਰ ਦੇ ਜ਼ਿਲ੍ਹਾ ਪ੍ਰਧਾਨ ਰਹੇ। ਉਹ ਸਾਲ 1992 ਵਿੱਚ ਸ਼੍ਰੀ ਹਰਗੋਬਿੰਦਪੁਰ ਹਲਕੇ ਤੋਂ ਪੰਜਾਬ ਵਿਧਾਨ ਸਭਾ ਦੇ ਐਮ.ਐਲ.ਏ. ਵੀ ਚੁਣੇ ਗਏ। ਉਨ੍ਹਾਂ ਨੇ ਕਿਸਾਨਾਂ ਅਤੇ ਕਮਜ਼ੋਰ ਵਰਗਾਂ ਦੇ ਹਿੱਤਾਂ ਲਈ ਸੰਘਰਸ਼ ਕੀਤਾ। ਉਨ੍ਹਾਂ ਨੇ ਜੈਤੋ ਦੇ ਮੋਰਚੇ ਅਤੇ ਜ਼ਖੀਰੇ

[ ਮਾਨਯੋਗ ਸਪੀਕਰ ]

ਬਾਜ਼ੀ ਵਿਰੁੱਧ ਸੰਘਰਸ਼ ਦੌਰਾਨ ਜੇਲ੍ਹਾਂ ਵੀ ਕੱਟੀਆਂ।

ਸਰਦਾਰ ਮਨਮੋਹਨ ਸਿੰਘ ਜੀ ਬਰਾੜ, ਸਾਬਕਾ ਐਮ.ਐਲ.ਏ. ਵੀ ਸਾਨੂੰ ਮਿਤੀ 11 ਫਰਵਰੀ, 2016 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹ ਹਲਕਾ ਫਰੀਦਕੋਟ ਤੋਂ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ। ਉਹ ਸਿੱਖ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ, ਦੇ ਚੇਅਰਮੈਨ ਵੀ ਰਹੇ।

ਸ਼੍ਰੀ ਜਗਤ ਮਿੱਤਰ ਸੋਨੀ ਜੀ, ਜੋ ਕਿ ਸਾਡੇ ਸਾਥੀ ਸ਼੍ਰੀ ਓ.ਪੀ. ਸੋਨੀ, ਐਮ.ਐਲ.ਏ. ਦੇ ਪਿਤਾ ਸਨ, ਵੀ ਸਾਨੂੰ ਮਿਤੀ 24 ਦਸੰਬਰ, 2015 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਸਾਲ 1933 ਵਿੱਚ ਪਿੰਡ ਭਿਲੋਵਾਲ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਉਹ ਤਕਰੀਬਨ 30 ਸਾਲ ਪਿੰਡ ਭਿਲੋਵਾਲ ਦੇ ਸਰਪੰਚ ਰਹੇ। ਉਹ ਚੇਅਰਮੈਨ, ਬਲਾਕ ਸੰਮਤੀ, ਚੋਗਾਵਾਂ, ਚੇਅਰਮੈਨ, ਲੈਂਡ ਮਾਰਟਗੇਜ ਬੈਂਕ, ਅਜਨਾਲਾ ਅਤੇ ਡਾਇਰੈਕਟਰ, ਸਟੇਟ ਲੈਂਡ ਮਾਰਟਗੇਜ ਬੈਂਕ, ਚੰਡੀਗੜ੍ਹ ਵੀ ਰਹੇ।

ਸ਼੍ਰੀਮਤੀ ਸਵਿੰਦਰ ਕੌਰ ਜੀ ਕਾਹਲੋਂ ਪਤਨੀ ਸਰਦਾਰ ਨਿਰਮਲ ਸਿੰਘ ਜੀ ਕਾਹਲੋਂ, ਸਾਬਕਾ ਸਪੀਕਰ ਵੀ ਸਾਨੂੰ ਮਿਤੀ 10 ਅਕਤੂਬਰ, 2015 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਸਾਲ 1948 ਵਿੱਚ ਹੋਇਆ। ਉਨ੍ਹਾਂ ਨੇ ਸਿੱਖਿਆ ਵਿਭਾਗ ਵਿੱਚ ਬਤੌਰ ਸਿੱਖਿਆ ਅਫਸਰ ਸੇਵਾ ਨਿਭਾਈ।

ਸ਼੍ਰੀ ਨਰੇਸ਼ ਕੁਮਾਰ ਸਾਂਘੀ, ਜਸਟਿਸ, ਪੰਜਾਬ ਅਤੇ ਹਰਿਆਣਾ ਹਾਈਕੋਰਟ ਵੀ ਸਾਨੂੰ ਮਿਤੀ 7 ਮਾਰਚ, 2016 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 5 ਜੂਨ, 1955 ਨੂੰ ਨਾਰਨੌਲ (ਹਰਿਆਣਾ) ਵਿਖੇ ਹੋਇਆ। ਉਹ ਸਾਲ 1996 ਵਿੱਚ ਹਰਿਆਣਾ ਦੇ ਡਿਪਟੀ ਐਡਵੋਕੇਟ ਜਨਰਲ ਅਤੇ ਸਾਲ 2007 ਵਿੱਚ ਪੰਜਾਬ ਦੇ ਵਧੀਕ ਐਡਵੋਕੇਟ ਜਨਰਲ ਬਣੇ। ਉਨ੍ਹਾਂ ਨੇ ਮਿਤੀ 30 ਸਤੰਬਰ, 2011 ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜਸਟਿਸ ਵਜੋਂ ਸਹੁੰ ਚੁੱਕੀ।

ਸੀਮਾ ਸੁਰੱਖਿਆ ਬਲ ਦੇ 9 ਬਹਾਦਰ ਸ਼ਹੀਦ – ਸੂਬੇਦਾਰ ਨਾਗੇਸ਼ਾਹ ਟੀਟੀ, ਹਵਲਦਾਰ ਈਲੂਮਲਾਈ ਐਮ, ਲਾਂਸ ਹਵਲਦਾਰ ਐਸ.ਕੁਮਾਰ, ਲਾਂਸ ਨਾਇਕ ਸੁਦੇਸ਼ ਬੀ ਅਤੇ ਸਿਪਾਹੀ ਮਹੇਸ਼ਾ, ਪੀ.ਐਨ. ਗਨੇਸ਼ਮ ਜੀ, ਰਾਮਾ ਮੂਰਤੀ, ਮੁਸਤਾਕ ਅਹਿਮਦ ਐਸ ਅਤੇ ਸਿਪਾਹੀ ਨਰਸਿੰਗ ਸਹਾਇਕ ਸੂਰਯਵੰਸ਼ੀ

ਐਸ.ਵੀ. ਵੀ ਸਾਨੂੰ ਮਿਤੀ 3 ਫਰਵਰੀ, 2016 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹ ਦੇਸ਼ ਦੀ ਅਜ਼ਾਦੀ ਦੇ ਪਹਿਰੇਦਾਰ ਬਣੇ ਰਹੇ ਅਤੇ ਗਲੇਸ਼ੀਅਰ ਦੇ ਡਿੱਗਣ ਨਾਲ ਉਨ੍ਹਾਂ ਦੀ ਮੌਤ ਹੋ ਗਈ। ਉਨ੍ਹਾਂ ਦੀ ਜ਼ਿੰਦਗੀ ਦਾ ਅੰਤ ਦੇਸ਼ ਦੀ ਖਾਤਰ ਹੋਇਆ। ਇਨ੍ਹਾਂ ਬਹਾਦਰ ਸ਼ਹੀਦਾਂ ਨੇ ਸਿਆਚਿਨ ਵਿੱਚ ਸਰਹੱਦ ਦੀ ਰਾਖੀ ਕਰਦੇ ਹੋਏ 19000 ਫੁੱਟ ਦੀ ਉਚਾਈ ਤੋਂ ਖਰਾਬ ਮੌਸਮ ਨਾਲ ਸੰਘਰਸ਼ ਕਰਕੇ ਦੇਸ਼ ਲਈ ਆਪਣੀ ਜਾਨ ਨਿਛਾਵਰ ਕੀਤੀ।

ਲਾਂਸ ਨਾਇਕ ਹਨੁਮਨ ਥਾਪਾ, ਸੀਮਾ ਸੁਰੱਖਿਆ ਬਲ ਦਾ ਸਿਆਚਿਨ ਬਹਾਦਰ ਜਵਾਨ ਵੀ ਸਾਨੂੰ ਮਿਤੀ 11 ਫਰਵਰੀ, 2016 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 1 ਜੂਨ, 1983 ਨੂੰ ਹੋਇਆ। ਉਨ੍ਹਾਂ ਨੇ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਦੇ ਹੋਏ 19000 ਫੁੱਟ ਦੀ ਉਚਾਈ ਤੇ ਸਿਆਚਿਨ ਵਿੱਚ ਮੌਸਮ ਦੀਆਂ ਦੁਸ਼ਵਾਰੀਆਂ ਨਾਲ ਸੰਘਰਸ਼ ਕੀਤਾ। ਇਕ ਵਾਰ ਉਨ੍ਹਾਂ ਨੂੰ ਜ਼ਿੰਦਾ ਕੱਢ ਲਏ ਜਾਣ ਦੇ ਬਾਵਜੂਦ ਵੀ ਉਹ ਜ਼ਿੰਦਗੀ ਦੀ ਲੜਾਈ ਹਾਰ ਗਏ।

ਸਰਵਸ਼੍ਰੀ ਕਾਲੀ ਚਰਨ ਸੂਦ, ਗੰਢਾ ਸਿੰਘ, ਵਰਿਆਮ ਸਿੰਘ, ਪ੍ਰੇਮ ਸਿੰਘ, ਪ੍ਰੇਮ ਚੰਦ, ਜਗੀਰ ਸਿੰਘ, ਮਹਿੰਦਰ ਸਿੰਘ, ਮਾਧੋ ਸਿੰਘ ਅਤੇ ਕਾਮਰੇਡ ਚੈਨ ਸਿੰਘ, ਸਾਰੇ ਸੁਤੰਤਰਤਾ ਸੰਗਰਾਮੀ ਵੀ ਸਾਨੂੰ ਸਭਨਾਂ ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਇਨ੍ਹਾਂ ਸਾਰੇ ਸੁਤੰਤਰਤਾ ਸੰਗਰਾਮੀਆਂ ਨੇ ਆਪਣੀ ਲਗਨ, ਮਿਹਨਤ ਅਤੇ ਕੁਰਬਾਨੀ ਸਦਕਾ ਹਿੰਦੁਸਤਾਨ ਨੂੰ ਅਜ਼ਾਦ ਕਰਵਾਉਣ ਵਿੱਚ ਆਪਣਾ ਆਪਣਾ ਯੋਗਦਾਨ ਪਾਇਆ ਹੈ। ਅਸੀਂ ਉਨ੍ਹਾਂ ਦੀਆਂ ਕੁਰਬਾਨੀਆਂ ਸਦਕਾ ਮਿਲੀ ਅਜ਼ਾਦੀ ਦਾ ਅੱਜ ਨਿੱਘਾ ਆਨੰਦ ਮਾਣ ਰਹੇ ਹਾਂ ਅਤੇ ਉਨ੍ਹਾਂ ਨੂੰ ਕਦੇ ਵੀ ਨਹੀਂ ਭੁਲਾਇਆ ਜਾ ਸਕਦਾ।

ਡਾ. ਮਹੀਪ ਸਿੰਘ, ਉੱਘੇ ਹਿੰਦੀ ਲੇਖਕ ਵੀ ਸਾਨੂੰ ਮਿਤੀ 24 ਨਵੰਬਰ, 2015 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਉਨਾਵ, ਉੱਤਰ ਪ੍ਰਦੇਸ਼ ਵਿਖੇ ਹੋਇਆ। ਉਹ "ਸੰਚੇਤਨਾ" ਪੱਤ੍ਰਿਕਾ ਦੇ ਸੰਪਾਦਕ ਸਨ। ਉਨ੍ਹਾਂ ਨੇ ਤਕਰੀਬਨ 125 ਕਹਾਣੀਆਂ ਅਤੇ ਕਈ ਨਾਵਲ ਲਿਖੇ। ਉਨ੍ਹਾਂ ਨੂੰ ਸਾਲ 2009 ਵਿੱਚ ਭਾਰਤ-ਭਾਰਤੀ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ।

ਸ਼੍ਰੀ ਬ੍ਰਿਜ ਮੋਹਨ ਲਾਲ ਮੁੰਜਾਲ, ਹੀਰੋ ਮੋਟਰ ਕਾਰਪੋਰੇਸ਼ਨ ਲਿਮਟਿਡ ਦੇ ਫਾਊਂਡਰ ਅਤੇ ਚੇਅਰਮੈਨ ਵੀ ਸਾਨੂੰ ਮਿਤੀ 1 ਨਵੰਬਰ, 2015 ਨੂੰ ਸਦੀਵੀ

[ ਮਾਨਯੋਗ ਸਪੀਕਰ ]

ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ 1 ਜੁਲਾਈ, 1923 ਨੂੰ ਕਮਾਲੀਆ (ਪਾਕਿਸਤਾਨ) ਵਿੱਚ ਹੋਇਆ। ਉਨ੍ਹਾਂ ਦਾ ਕਾਰੋਬਾਰੀ ਸਫਰ ਸਾਈਕਲ ਬਣਾਉਣ ਦੇ ਛੋਟੇ ਜਿਹੇ ਕਾਰੋਬਾਰ ਤੋਂ ਸ਼ੁਰੂ ਹੋ ਕੇ ਦੁਨੀਆਂ ਵਿੱਚ ਸਭ ਤੋਂ ਵੱਧ ਮੋਟਰਸਾਈਕਲ ਬਣਾਉਣ ਵਾਲੀ ਕੰਪਨੀ ਨਾਲ ਸੰਪੂਰਨ ਹੋਇਆ। ਉਨ੍ਹਾਂ ਨੇ ਸਮਾਜ ਸੇਵਾ ਦੇ ਕੰਮਾਂ ਵਿੱਚ ਵੀ ਵੱਡਮੁੱਲਾ ਯੋਗਦਾਨ ਪਾਇਆ।

ਪਠਾਨਕੋਟ ਏਅਰਬੇਸ ਦੇ ਬਹਾਦਰ ਸ਼ਹੀਦ ਅਫ਼ਸਰ/ਜਵਾਨ ਸਰਵਸ਼੍ਰੀ ਕੈਪਟਨ ਫਤਹਿ ਸਿੰਘ, ਹਵਲਦਾਰ ਕੁਲਵੰਤ ਸਿੰਘ ਅਤੇ ਹੋਰ ਵੀ ਸਾਨੂੰ ਮਿਤੀ 2 ਜਨਵਰੀ, 2016 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਇਹ ਬਹਾਦਰ ਅਫ਼ਸਰ/ਜਵਾਨ ਅੰਤਰਰਾਸ਼ਟਰੀ ਪੱਧਰ ਤੇ ਨਿਸ਼ਾਨੇਬਾਜ਼ ਅਤੇ ਏਸ਼ੀਆ ਅਤੇ ਅੰਤਰਰਾਸ਼ਟਰੀ ਪੱਧਰ ਦੀਆਂ ਖੇਡਾਂ ਵਿੱਚ ਤਗਮੇ ਹਾਸਲ ਕਰਨ ਵਾਲੇ ਸਨ। ਇਨ੍ਹਾਂ ਵੱਲੋਂ ਪਠਾਨਕੋਟ ਏਅਰਬੇਸ ਵਿੱਚ ਡਿਊਟੀ/ਦੇਸ਼ ਦੀ ਰਾਖੀ ਕਰਦੇ ਹੋਏ ਸ਼ਹੀਦੀ ਪ੍ਰਾਪਤ ਕੀਤੀ ਹੈ।

ਸ਼੍ਰੀ ਬ੍ਰਿਜ ਬੇਦੀ, ਉਦਯੋਗਪਤੀ ਅਤੇ ਸਮਾਜ ਸੇਵਕ ਸਾਨੂੰ ਮਿਤੀ 31 ਜਨਵਰੀ, 2016 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹ ਟੈਨਿਸ ਦੇ ਖਿਡਾਰੀ ਹੋਣ ਦੇ ਨਾਲ ਨਾਲ ਇਕ ਉੱਘੇ ਚਿੱਤਰਕਾਰ ਅਤੇ ਚੰਗੇ ਫੋਟੋਗ੍ਰਾਫਰ ਵੀ ਸਨ। ਉਨ੍ਹਾਂ ਨੇ ਅਨਾਥ ਅਤੇ ਗਰੀਬ ਬੱਚਿਆਂ ਲਈ ਮੁਫ਼ਤ ਸਕੂਲ ਖੋਲ੍ਹਿਆ।

ਸ਼੍ਰੀ ਅਸ਼ਵਨੀ ਕੁਮਾਰ, ਸਾਬਕਾ ਡਾਇਰੈਕਟਰ, ਬੀ.ਐਸ.ਐਫ. ਵੀ ਸਾਨੂੰ ਮਿਤੀ 31 ਜਨਵਰੀ, 2016 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹ ਇੰਟਰਨੈਸ਼ਨਲ ਉਲੰਪਿਕ ਕਮੇਟੀ ਦੇ ਆਨਰੇਰੀ ਮੈਂਬਰ ਸਨ। ਉਹ ਇਕ ਸੁਚੱਜੇ ਪ੍ਰਸ਼ਾਸਕ ਅਤੇ ਨੇਕ ਇਨਸਾਨ ਵੀ ਸਨ। ਉਨ੍ਹਾਂ ਨੇ ਵੱਖ ਵੱਖ ਅਹੁਦਿਆਂ ਤੇ ਆਪਣੀ ਡਿਊਟੀ ਇਮਾਨਦਾਰੀ ਨਾਲ ਨਿਭਾਈ। ਉਨ੍ਹਾਂ ਨੇ ਪੰਜਾਬ ਵਿੱਚ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਵਡਮੁੱਲਾ ਯੋਗਦਾਨ ਪਾਇਆ ਹੈ।

ਬ੍ਰਿਗੇਡੀਅਰ ਸੰਤ ਸਿੰਘ, ਮਹਾਨ ਸ਼ਖਸੀਅਤ ਸਾਨੂੰ ਮਿਤੀ 9 ਦਸੰਬਰ, 2015 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਨੇ ਇੰਡੋ-ਪਾਕਿ ਯੁੱਧ, 1947-48 ਅਤੇ 1962 ਦੀ ਜੰਗ ਵਿੱਚ ਹਿੱਸਾ ਲਿਆ। ਉਨ੍ਹਾਂ ਨੂੰ ਦੋ ਵਾਰ ਮਹਾਂਵੀਰ ਚੱਕਰ ਨਾਲ ਸਨਮਾਨਿਤ ਕੀਤਾ ਗਿਆ।

ਇਨ੍ਹਾਂ ਸਭਨਾਂ ਦੇ ਚਲੇ ਜਾਣ ਨਾਲ ਦੇਸ਼, ਰਾਜ ਅਤੇ ਸਾਨੂੰ ਨਾ ਪੂਰਿਆ ਜਾਣ ਵਾਲਾ ਵੱਡਾ ਘਾਟਾ ਪਿਆ ਹੈ ਅਤੇ ਅਸੀਂ ਉਨ੍ਹਾਂ ਦੀਆਂ ਵਡਮੁੱਲੀਆਂ

ਸੇਵਾਵਾਂ ਤੋਂ ਵਾਂਝੇ ਹੋ ਗਏ ਹਾਂ। ਸਾਨੂੰ ਯਤਨ ਕਰਨਾ ਚਾਹੀਦਾ ਹੈ ਕਿ ਅਸੀਂ ਇਨ੍ਹਾਂ ਵਿਛੜੀਆਂ ਸ਼ਖਸੀਅਤਾਂ ਦੇ ਪਦਚਿੰਨ੍ਹਾਂ ਤੇ ਚਲਦੇ ਹੋਏ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਰਹੀਏ। ਇਹੀ ਉਨ੍ਹਾਂ ਪ੍ਰਤੀ ਸੱਚੀ ਸ਼ਰਧਾਂਜ਼ਲੀ ਹੋਵੇਗੀ। ਮੈਂ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਉਹ ਇਨ੍ਹਾਂ ਸ਼ਖਸੀਅਤਾਂ ਦੀਆਂ ਰੂਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਚੜ੍ਹਦੀ ਕਲਾ ਵਿੱਚ ਰੱਖੇ ਅਤੇ ਭਾਣਾ ਮੰਨਣ ਦਾ ਬਲ ਬਖਸ਼ੇ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸ਼ੋਕ ਪ੍ਰਸਤਾਵ ਸਾਰੀਆਂ ਵਿਛੜੀਆਂ ਸ਼ਖਸੀਅਤਾਂ ਦੇ ਪਰਿਵਾਰਾਂ ਨੂੰ ਭੇਜ ਦਿੱਤੇ ਜਾਣਗੇ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਜਿਹੜੇ ਨਾਂ ਰਹਿ ਗਏ ਹਨ, ਉਹ ਐਡ ਕਰ ਲਏ ਜਾਣ।

**ਮਾਨਯੋਗ ਸਪੀਕਰ :** ਜਿਹੜੇ ਨਾਂ ਵਿੱਚ ਆ ਸਕਦੇ ਸੀ, ਉਹ ਮੈਂ ਐਡ ਕਰ ਲਏ ਹਨ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਕੁਝ ਨਾਂ ਮੈਨੂੰ ਵੀ ਦੱਸਣ ਦਾ ਮੌਕਾ ਦਿਉ।

**Mr. Speaker :** Please sit down now.

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਮੈਂ ਫਰੀਡਮ ਫਾਈਟਰਜ਼ ਦੇ ਨਾਂ ਦੇਣੇ ਹਨ।

**ਮਾਨਯੋਗ ਸਪੀਕਰ :** ਜੇਕਰ ਸਦਨ ਦੀ ਸਹਿਮਤੀ ਹੋਵੇ.....(ਵਿਘਨ) ਜਿਹੜੇ ਨਾਂ ਤੁਸੀਂ ਦਿੱਤੇ ਸੀ, ਉਹ ਮੈਂ ਪੜ੍ਹ ਦਿੱਤੇ ਹਨ। Please sit down. ਤੁਸੀਂ ਮੈਨੂੰ ਲਿਖ ਕੇ ਦੇ ਦਿਉ। ...(ਵਿਘਨ) ਫਰੀਡਮ ਫਾਈਟਰਜ਼ ਦੇ ਨਾਂ ਹਨ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਤੁਸੀਂ ਅੱਜ ਪ੍ਰਥਾ ਕਿਉਂ ਤੋੜ ਰਹੇ ਹੋ?

**ਮਾਨਯੋਗ ਸਪੀਕਰ :** ਮੇਰੇ ਕੋਲ ਤੁਹਾਡੇ ਨਾਂ ਆ ਗਏ ਹਨ।

**ਸਰਦਾਰ ਚਰਨਜੀਤ ਸਿੰਘ ਚੰਨੀ :** ਤੁਸੀਂ ਮੈਨੂੰ ਨਾਂ ਤਾਂ ਦੇ ਦੇਣ ਦਿਉ। ਇਸ ਵਿੱਚ ਹੋਰ ਲੋਕਾਂ ਦੇ ਨਾਂ ਵੀ ਹਨ।

**ਮਾਨਯੋਗ ਸਪੀਕਰ :** ਨਹੀਂ, ਉਹ ਸ਼ਾਮਲ ਨਹੀਂ ਹੋਣਗੇ। ਸਿਰਫ਼ ਫਰੀਡਮ ਫਾਈਟਰਜ਼ ਦੇ ਨਾਂ ਦਿਉ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਅੱਜ ਤੱਕ ਪ੍ਰਥਾ ਰਹੀ ਹੈ ਕਿ ਜਿਹੜੀਆਂ ਸ਼ਖਸੀਅਤਾਂ ਚਲੀਆਂ ਜਾਂਦੀਆਂ ਹਨ, ਉਨ੍ਹਾਂ ਦੇ ਨਾਂ ਦਿੱਤੇ ਜਾਂਦੇ ਹਨ।

**ਮਾਨਯੋਗ ਸਪੀਕਰ :** ਨਹੀਂ ਜੀ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਤੁਸੀਂ ਪ੍ਰਥਾ ਕਿਉਂ ਤੋੜ ਰਹੇ ਹੋ?

**ਮਾਨਯੋਗ ਸਪੀਕਰ :** ਜੇਕਰ ਕਿਸੇ ਫਰੀਡਮ ਫਾਈਟਰ ਦਾ ਨਾਂ ਹੈ, ਤਾਂ ਉਹ ਦੇ ਦਿਉ।

**ਸਰਦਾਰ ਚਰਨਜੀਤ ਸਿੰਘ ਚੰਨੀ :** ਮੈਂ ਨਾਂ ਬੋਲਣ ਲੱਗਿਆ ਹਾਂ ਪਰ ਤੁਸੀਂ ਇਜਾਜ਼ਤ ਤਾਂ ਦਿਉ। ਬਿਨਾਂ ਇਜਾਜ਼ਤ ਤੋਂ ਮੈਂ ਕਿਸ ਤਰ੍ਹਾਂ ਬੋਲਾਂ।

**ਮਾਨਯੋਗ ਸਪੀਕਰ :** ਹਾਂ ਜੀ, ਦੱਸੋ।

**ਸਰਦਾਰ ਚਰਨਜੀਤ ਸਿੰਘ ਚੰਨੀ :** ਮਾਨਯੋਗ ਸਪੀਕਰ ਸਾਹਿਬ, ਡਾਕਟਰ ਬਲਦੇਵ ਰਾਜ ਜੀ, ਫਰੀਡਮ ਫਾਈਟਰ ਰਹੇ ਹਨ। ਇਹ ਮੁਕਤਸਰ ਦੇ ਸਨ।

**Mr. Speaker :** Admitted.

**ਸਰਦਾਰ ਚਰਨਜੀਤ ਸਿੰਘ ਚੰਨੀ :** ਜਿਹੜੇ ਨਾਂ ਤੁਹਾਨੂੰ ਪਸੰਦ ਨਹੀਂ ਆਉਣਗੇ, ਉਹ ਤੁਸੀਂ ਨਾ ਰੱਖਿਓ।

**ਮਾਨਯੋਗ ਸਪੀਕਰ :** ਠੀਕ ਹੈ ਜੀ।

**ਸਰਦਾਰ ਚਰਨਜੀਤ ਸਿੰਘ ਚੰਨੀ :** ਪਠਾਨਕੋਟ ਵਿੱਚ ਜਿਹੜੇ ਸ਼ਹੀਦ ਹੋਏ ਹਨ...

**ਮਾਨਯੋਗ ਸਪੀਕਰ :** ਉਹ ਵੀ ਮੰਨ ਲਏ ਹਨ।

**ਸਰਦਾਰ ਚਰਨਜੀਤ ਸਿੰਘ ਚੰਨੀ :** ਮੈਂ ਇਨੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਰਿਆਂ ਦੇ ਸਨਮਾਨਯੋਗ ਨਾਂ ਨਹੀਂ ਲਏ।

**ਮਾਨਯੋਗ ਸਪੀਕਰ :** ਮੈਂ ਸਾਰਿਆਂ ਦੇ ਨਾਂ ਲਏ ਹਨ।

**ਸਰਦਾਰ ਚਰਨਜੀਤ ਸਿੰਘ ਚੰਨੀ :** ਤੁਸੀਂ ਸਿਰਫ਼ ਦੋ ਹੀ ਨਾਂ ਲਏ ਹਨ ਜਦਕਿ ਉਥੇ 9 ਬੰਦੇ ਸ਼ਹੀਦ ਹੋਏ ਹਨ।

**ਮਾਨਯੋਗ ਸਪੀਕਰ :** ਮੈਂ ਨੌਵਾਂ ਦੇ ਨਾਂ ਹੀ ਲਏ ਹਨ।

**(ਅਵਾਜ਼ਾਂ :** ਨੌਵਾਂ ਦੇ ਹੀ ਨਾਂ ਲਏ ਹਨ।)

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਤੁਸੀਂ ਦੋ ਦੇ ਹੀ ਨਾਂ ਲਏ ਹਨ।

**ਮਾਨਯੋਗ ਸਪੀਕਰ** : ਮੇਰੀ ਗੱਲ ਸੁਣ ਲਓ। ਜਿਹੜੇ ਤੁਸੀਂ ਮੈਨੂੰ ਨਾਂ ਦਿੱਤੇ ਸੀ, ਜਿਹੜੇ ਲੈ ਸਕਦਾ ਸੀ, ਉਹ ਮੈਂ ਲੈ ਲਏ ਹਨ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਮੇਰੀ ਪੂਰੀ ਬੇਨਤੀ ਸੁਣ ਲਵੋ। ਦੇਖੋ, ਆਪਾਂ ਆਪਣੇ ਪਰਿਵਾਰਾਂ ਦੇ ਮੈਂਬਰਾਂ ਦੇ ਨਾਮ ਇੱਥੇ ਲੈਂਦੇ ਹਾਂ, ** **

**ਮਾਨਯੋਗ ਸਪੀਕਰ:** ਨਹੀਂ ਜੀ। Not to be recorded. Please sit down. ਹੁਣ ਇਹ ਰਿਕਾਰਡ ਤੇ ਨਹੀਂ ਆਉਣੇ।

**ਸਰਦਾਰ ਚਰਨਜੀਤ ਸਿੰਘ ਚੰਨੀ :** ** **

**ਮਾਨਯੋਗ ਸਪੀਕਰ :** ਜਿਹੜੇ ਨਾਮ ਤੁਸੀਂ ਮੈਨੂੰ ਦਿੱਤੇ ਸੀ, ਉਹ ਐਡ ਹੋ ਗਏ ਹਨ। (ਵਿਘਨ) ਮੈਂ ਕਿਹਾ ਜੀ ਕਿ ਦੂਸਰਿਆਂ ਨੂੰ ਵੀ ਨਹੀਂ ਦਿੱਤਾ, ਤੁਹਾਨੂੰ ਵੀ ਨਹੀਂ ਦਿੱਤਾ ਜਾ ਸਕਦਾ।

**ਸਰਦਾਰ ਚਰਨਜੀਤ ਸਿੰਘ ਚੰਨੀ :** ** ** ..(ਵਿਘਨ) ..(ਸ਼ੋਰ)..

**ਮਾਨਯੋਗ ਸਪੀਕਰ :** ਨਹੀਂ ਜੀ। ਚਾਵਲਾ ਸਾਹਿਬ ਦਾ ਨਾਮ ਐਡ ਕਰ ਲਿਆ ਹੈ।

**ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ, ਬੀ.ਸੀ. ਦੀ ਭਲਾਈ (ਸ਼੍ਰੀ ਪਵਨ ਕੁਮਾਰ ਟੀਨੂੰ) :** ਸਪੀਕਰ ਸਾਹਿਬ, ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਦੇ ਚਾਂਸਲਰ ਸੰਤ ਬਾਬਾ ਮਲਕੀਤ ਸਿੰਘ ਜੀ ਮਹਾਰਾਜ ਵੀ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਹਨ। ਉਹ ਬਹੁਤ ਵੱਡੀ ਅਧਿਆਤਮਕ ਸ਼ਖ਼ਸੀਅਤ ਰਹੇ ਹਨ। ਮੈਂ ਚਾਹੁੰਦਾ ਹਾਂ ਕਿ ਉਨ੍ਹਾਂ ਦਾ ਨਾਮ ਵੀ ਸ਼ੋਕ ਪ੍ਰਸਤਾਵ ਵਿੱਚ ਸ਼ਰਧਾਂਜਲੀ ਵਜੋਂ ਐਡ ਕਰ ਲਿਆ ਜਾਵੇ।

---

** Not recorded as Ordered by the Chair.

**ਮਾਨਯੋਗ ਸਪੀਕਰ :** ਦੇਖੋ, ਮੈਂ ਇਨ੍ਹਾਂ ਦਾ ਨਾਮ ਐਡ ਤਾਂ ਕਰ ਲੈਂਦਾ ਹਾਂ ਪਰ ਮੇਰੀ ਇੱਕ ਬੇਨਤੀ ਹੈ....

**ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ :** ਸਪੀਕਰ ਸਾਹਿਬ, ਉਨ੍ਹਾਂ ਦਾ ਗਰੀਬਾਂ ਦੇ ਬੱਚਿਆਂ ਨੂੰ ਐਜੂਕੇਸ਼ਨ ਦੇਣ ਦੇ ਮਾਮਲੇ ਵਿੱਚ ਬਹੁਤ ਵੱਡਾ ਯੋਗਦਾਨ ਹੈ। ਇਸ ਤੋਂ ਇਲਾਵਾ ਲੋਕਾਂ ਨੂੰ ਚੰਗਿਆਈ ਅਤੇ ਇਨਸਾਨੀਅਤ ਨਾਲ ਜੋੜਨ ਦਾ ਵੀ ਉਨ੍ਹਾਂ ਦਾ ਬੜਾ ਵੱਡਾ ਯੋਗਦਾਨ ਹੈ।

**ਮਾਨਯੋਗ ਸਪੀਕਰ :** ਉਹ ਮੇਰੇ ਹਲਕੇ ਵਿੱਚ ਰਹੇ ਹਨ। ਮੈਂ ਉਨ੍ਹਾਂ ਨੂੰ ਜਾਣਦਾ ਹਾਂ, ਸਤਿਕਾਰ ਕਰਦਾ ਹਾਂ। ਐਜੂਕੇਸ਼ਨ ਦੇ ਖੇਤਰ ਵਿੱਚ ਉਨ੍ਹਾਂ ਨੇ ਬਹੁਤ ਕੰਮ ਕੀਤਾ ਹੈ, ਇਸ ਵਿੱਚ ਕੋਈ ਸ਼ੱਕ ਨਹੀਂ।

**ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ :** ਬੇਨਤੀ ਹੈ ਕਿ ਉਨ੍ਹਾਂ ਦਾ ਨਾਮ ਐਡ ਕਰ ਲਿਆ ਜਾਵੇ।

**ਮਾਨਯੋਗ ਸਪੀਕਰ :** ਠੀਕ ਹੈ ਜੀ। ਮੇਰੇ ਕਹਿਣ ਦਾ ਮਤਲਬ ਹੈ ਕਿ ਉਨ੍ਹਾਂ ਦਾ ਨਾਮ ਐਡ ਕਰ ਲੈਂਦੇ ਹਾਂ। ਮੇਰੀ ਇੱਕ ਹੋਰ ਬੇਨਤੀ ਹੈ। ਮੈਂ ਹਾਊਸ ਦੇ ਮੈਂਬਰ ਸਾਹਿਬਾਨ ਦੇ ਧਿਆਨ ਵਿੱਚ ਇੱਕ ਗੱਲ ਲਿਆਉਣੀ ਚਾਹੁੰਦਾ ਹਾਂ।

**ਸਰਦਾਰ ਚਰਨਜੀਤ ਸਿੰਘ ਚੰਨੀ:** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ....

**ਮਾਨਯੋਗ ਸਪੀਕਰ :** ਜੋ ਤੁਸੀਂ ਕਹਿਣਾ ਚਾਹੁੰਦੇ ਸੀ, ਉਹ ਕਹਿ ਲਿਆ ਹੈ। ਮੈਂ ਤੁਹਾਡਾ ਪੁਆਇੰਟ ਨੋਟ ਕਰ ਲਿਆ ਹੈ। ਤੁਸੀਂ ਉਹ ਕਹਿ ਲਿਆ ਹੈ। ਡਾਕਟਰ ਬਲਦੇਵ ਰਾਜ ਜੀ ਦਾ ਨਾਮ ਐਡ ਕਰ ਲਿਆ ਹੈ।

**ਸਰਦਾਰ ਚਰਨਜੀਤ ਸਿੰਘ ਚੰਨੀ :** ** **

**ਮਾਨਯੋਗ ਸਪੀਕਰ :** ਨਹੀਂ ਜੀ। ਮੈਂ ਇੱਕ ਬੇਨਤੀ ਕਰਦਾ ਹਾਂ। ਇਹ ਸ਼ੋਕ ਪ੍ਰਸਤਾਵ ਵਿਧਾਨ ਸਭਾ ਦੇ ਆਨਰੇਬਲ ਵਿਛੜੇ ਮੈਂਬਰ ਸਾਹਿਬਾਨ, ਦੇਸ਼ ਭਗਤਾਂ ਅਤੇ ਜਿਨ੍ਹਾਂ ਨੇ ਦੇਸ਼ ਲਈ ਕੁਰਬਾਨੀਆਂ ਦਿੱਤੀਆਂ ਹਨ, ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਤੱਕ ਹੀ ਸੀਮਤ ਰਹੇ। ਮੈਂ ਚਾਹੁੰਦਾ ਹਾਂ ਕਿ ਸ਼ੋਕ ਪ੍ਰਸਤਾਵ ਇੱਥੇ ਤੱਕ ਹੀ ਸੀਮਤ ਰੱਖਿਆ ਜਾਵੇ। ਜੇਕਰ ਆਪਾਂ ਨਾਮ ਵਧਾਈ ਜਾਵਾਂਗੇ ਤਾਂ ਇਹ ਬਹੁਤ ਲੰਬੀ ਚੌੜੀ ਲਿਸਟ ਬਣ ਜਾਇਆ ਕਰੇਗੀ। ਮੈਂ ਇਸੇ ਕਰਕੇ ਹੀ ਉਸ

---

** Not recorded as Ordered by the Chair.

ਪ੍ਰਥਾ ਨੂੰ ਵੀ ਥੋੜ੍ਹਾ ਜਿਹਾ ਪਾਸੇ ਕੀਤਾ ਹੈ, ਬਜਾਏ ਇਸ ਗੱਲ ਦੇ ਕਿ ਪਹਿਲਾਂ ਲੀਡਰ ਸਾਹਿਬ ਬੋਲਣ, ਫਿਰ ਲੀਡਰ ਆਫ ਦਿ ਆਪੋਜੀਸ਼ਨ ਬੋਲਣ ਅਤੇ ਫਿਰ ਸ਼ੋਕ ਪ੍ਰਸਤਾਵ ਤੇ ਸ਼ਰਧਾਂਜਲੀ ਵੇਲੇ ਹੋਰ ਦੂਜੇ ਮੈਂਬਰਜ਼ ਬੋਲਣ। ਉਸ ਦੇ ਨਾਲ ਗਰੇਸ ਨਹੀਂ ਰਹਿ ਰਹੀ ਸੀ। ਸੋ, ਇਸ ਕਰਕੇ ਹਾਊਸ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਕਿਸੇ ਹੱਦ ਤੱਕ ਸ਼ਰਧਾਂਜਲੀ ਲਈ ਨਾਮ ਰੱਖੋ। ਆਪਾਂ ਸਾਰੇ ਨਾਮ ਹੀ ਐਡ ਨਾ ਕਰੀ ਜਾਈਏ। ਇਹ ਮੇਰੀ ਬੇਨਤੀ ਹੈ।

ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸ਼ੋਕ ਪ੍ਰਸਤਾਵ ਸਾਰੀਆਂ ਵਿਛੜੀਆਂ ਸ਼ਖ਼ਸੀਅਤਾਂ ਦੇ ਪਰਿਵਾਰਾਂ ਨੂੰ ਭੇਜ ਦਿੱਤੇ ਜਾਣਗੇ।

**(ਅਵਾਜ਼ਾਂ:** ਹਾਂ ਜੀ, ਹਾਂ ਜੀ)

ਹੁਣ, ਮੈਂ ਸਮੂਹ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਵਿਛੜੀਆਂ ਰੂਹਾਂ ਦੀ ਯਾਦ ਵਿੱਚ ਦੋ ਮਿੰਟ ਲਈ ਮੋਨ ਧਾਰਨ ਕਰਨ ਲਈ ਖੜ੍ਹੇ ਹੋਈਏ।

(ਇਸ ਸਮੇਂ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਵੱਲੋਂ ਦੋ ਮਿੰਟ ਲਈ ਮੋਨ ਧਾਰਨ ਕੀਤਾ ਗਿਆ।)

**ਮਾਨਯੋਗ ਸਪੀਕਰ :** ਹੁਣ ਸਦਨ ਵੀਰਵਾਰ, 10 ਮਾਰਚ, 2016 ਦੇ 10.00 ਵਜੇ ਸਵੇਰ ਤੱਕ ਸਥਗਿਤ ਹੁੰਦਾ ਹੈ।

*10.25 ਵਜੇ ਸਵੇਰ (ਇਸ ਉਪਰੰਤ ਸਦਨ ਵੀਰਵਾਰ, 10 ਮਾਰਚ, 2016 ਦੇ 10.00 ਵਜੇ ਸਵੇਰ ਤੱਕ ਸਥਗਿਤ ਹੋ ਗਿਆ।)

------

© 2016

ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਅਤੇ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ਰਾਹੀਂ ਸਰਕਾਰੀ ਪ੍ਰੈਸ, ਐਸ.ਏ.ਐਸ. ਨਗਰ (ਮੁਹਾਲੀ) ਵਿਖੇ ਟਾਈਪਸੈਟ ਕਰਵਾਕੇ ਛਾਪੀ ਗਈ।

8959/04-2016/ਪੰਜਾਬ ਸਰਕਾਰ ਪ੍ਰੈਸ, ਐਸ.ਏ.ਐਸ.ਨਗਰ